## ਸ਼ੈਡਾਂ ਵਿੱਚ ਰੋਸ਼ਨੀ ਦਾ ਪ੍ਰਬੰਧ

- ਚੂਚੇ ਆਣ ਤੋਂ ਮਗਰੋਂ ਅਤੇ 7 ਦਿਨਾਂ ਤੱਕ ਸ਼ੈਡ ਵਿੱਚ 24 ਘੰਟੇ ਰੋਸ਼ਨੀ ਦਾ ਪ੍ਰਬੰਧ ਹੋਣਾ ਚਾਹੀਦਾ ਹੈ।
- 7 ਦਿਨ ਬਾਅਦ ਸ਼ੈਡ ਵਿੱਚ 1-2 ਘੰਟੇ ਰੋਸ਼ਨੀ ਘੱਟ ਕੀਤੀ ਜਾ ਸਕਦੀ ਹੈ।
- ਸ਼ੈਡ ਵਿੱਚ ਰੋਸ਼ਨੀ 1 ਵਾਟ ਪ੍ਰਤੀ 4 ਵਰਗ ਫੁੱਟ ਦੇ ਹਿਸਾਬ ਨਾਲ ਰਖੋ।




## ਬੀਮਾਰੀਆਂ ਤੋਂ ਬਚਾਉ ਲਈ ਦਵਾਈਆਂ ਦੀ ਸਹੀ ਵਰਤੋਂ

ਓਫਲਾਈਟਸ ਰੋਗਾਂ ਲਈ -

- ਨਿਯੋਡੱਕਸ/ਵੇਣਡੱਕਸ-ਐਨ: 1 ਗ੍ਰਾਮ/2 ਲੀਟਰ ਪਾਣੀ ਵਿੱਚ ਘੋਲ ਕੇ 24 ਘੰਟੇ ਲਈ, 5 ਦਿਨਾਂ ਤੱਕ ਦੇ ਸਕਦੇ ਹੋ।
- ਸਟਰੈਸਵੈਲ/ ਫੈਮੀਟੋਨ : 5 ਮੀ.ਲੀ./ 100 ਮੁਰਗੀਆਂ ਲਈ , ਦਿਨ ਵਿੱਚ ਇਕ ਵਾਰ, 7 ਦਿਨਾਂ ਲਈ ਦੇਵੋ।

(ਚੂਚਿਆਂ/ ਮੁਰਗੀਆਂ ਨੂੰ ਦਵਾਈ ਪਾਉਣ ਤੋਂ ਪਹਿਲਾਂ ਪੋਲਟਰੀ ਪੈਥੋਲੋਜਿਸਟ/ਕਨਸਲਟੈਂਟ ਦੀ ਸਲਾਹ ਜਰੂਰ ਲਉ।)

## ਗਰਮੀਆਂ ਤੋਂ ਬਚਾਉ ਲਈ ਜਰੂਰੀ ਗੱਲਾਂ

- ਮੁਰਗੀਆਂ ਨੂੰ ਹਮੇਸ਼ਾ ਠੰਡਾ ਅਤੇ ਸਾਫ ਪਾਣੀ ਦਿਉ।
- ਜਦੋਂ ਗਰਮੀ ਜਿਆਦਾ ਹੋਵੇ ਤਾਂ ਫੀਡਰ ਚੁੱਕ ਲਵੋ ਅਤੇ ਗਰਮੀ ਘੱਟਣ ਤੇ ਰਖੋ।
- ਪਾਣੀ ਵਿੱਚ ਇਲੈਕਟੋਰਲ ਜਾਂ ਵਿਟਾਮਿਨ ਦੀ ਵੱਧ ਮਾਤਰਾ ਦਿੱਤੀ ਜਾ ਸਕਦੀ ਹੈ।ਪਾਣੀ ਦੇ ਨਾਲ ਵਿਟਾਮਿਨ ਸੀ ਅਤੇ ਬੀ ਕੰਪਲੈਕਸ ਗਰਮੀ ਦੇ ਦਬਾਅ ਨੂੰ ਘਟਾਉਂਦਾ ਹੈ।
- ਸ਼ੈਡਾਂ ਵਿੱਚ ਬਿਜਲੀ ਪੱਖੇ ਅਤੇ ਕੂਲਰ ਵੀ ਲਗਾਉਣੇ ਚਾਹੀਦੇ ਹਨ।

ਕੂਲਿੰਗ ਪੈਡ









## ਸਰਦੀਆਂ ਤੋਂ ਬਚਾਉ ਲਈ ਜਰੂਰੀ ਗੱਲਾਂ

- ਸ਼ੈਡ ਹਮੇਸ਼ਾ ਸੁੱਕੀ ਅਤੇ ਧੂੜ ਰਹਿਤ ਹੋਣੀ ਚਾਹੀਦੀ ਹੈ।ਗਿੱਲੀ ਹੋਈ ਸੁੱਕ ਨੂੰ ਉਸੇ ਵੇਲੇ ਹਟਾਉਣਾ ਚਾਹੀਦਾ ਹੈ।
- ਹਰ 2-3 ਦਿਨਾਂ ਬਾਅਦ ਸੁੱਕ ਨੂੰ ਫਹੁੜੇ/ਤੰਗਲੀ ਨਾਲ ਹਿਲਾ ਦਿਉ।
- ਸ਼ੈਡ ਵਿੱਚ ਲੋੜੀਦੇ ਤਾਪਮਾਨ ਲਈ ਚਾਰੇ ਪਾਸੇ ਪਰਦੇ ਲਗਾਉਣੇ ਚਾਹੀਦੇ ਹਨ। ਜੇਕਰ ਤਾਪਮਾਨ ਜਿਆਦਾ ਘੱਟ ਹੋਵੇ ਤਾਂ ਅੰਗੀਠੀ ਜਾਂ ਬਿਜਲੀ ਹੀਟਰ ਚਲਾਉਣਾ ਚਾਹੀਦਾ ਹੈ।
- ਮੁਰਗੀਆਂ ਨੂੰ ਹਮੇਸ਼ਾ ਤਾਜ਼ਾ ਪਾਣੀ ਦਿਨ ਚ 4-5 ਵਾਰ ਦਿਉ।


ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

ਡਾ. ਬਲਵਿੰਦਰ ਕੁਮਾਰ
ਉਪ ਨਿਰਦੇਸ਼ਕ (ਸਿੱਖਲਾਈ)
ਮੋਬਾਇਲ: 98729-74326

ਡਾ. ਸ਼ਸ਼ੀ ਪਾਲ
ਸਹਾਇਕ ਪ੍ਰੋਫੈਸਰ (ਐਲ. ਪੀ. ਐਮ)
ਮੋਬਾਇਲ: 81465-51704


# ਬ੍ਰਾਇਲਰ ਮੁਰਗੀ ਪਾਲਣ




ਸਸ਼ੀ ਪਾਲ
ਬਲਵਿੰਦਰ ਕੁਮਾਰ
ਐਸ. ਐਸ. ਹਸਨ
ਨਵਜੋਤ ਸਿੰਘ
ਅਨਿਲ ਕੁਮਾਰ

ਕ੍ਰਿਸ਼ੀ ਵਿਗਿਆਨ ਕੇਂਦਰ,
ਬੂਹ, ਤਰਨ ਤਾਰਨ
ਨਿਰਦੇਸ਼ਕ ਪ੍ਰਸਾਰ ਸਿੱਖਿਆ,
ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ

# ਮੁਰਗੀ ਪਾਲਣ

ਪੰਜਾਬ ਵਿੱਚ ਮੁਰਗੀ ਪਾਲਣ ਦਾ ਧੰਦਾ ਖੇਤੀ ਸਹਾਇਕ ਧੰਦੇ ਵਜੋਂ; ਰੁਜ਼ਗਾਰ ਪੈਦਾ ਕਰਣ ਅਤੇ ਵਧੇਰੇ ਆਮਦਨ ਦਾ ਸਰੋਤ ਹੈ। ਮਨੁੱਖੀ ਖੁਰਾਕ ਵਿੱਚ ਪਸ਼ੂ ਪ੍ਰੋਟੀਨ ਲਈ ਮੁਰਗੀਆਂ ਦੇ ਅੰਡੇ ਅਤੇ ਮਾਂਸ ਇਕ ਸਸਤਾ ਸਰੋਤ ਹਨ। ਪੰਜਾਬ ਭਾਰਤ ਵਿੱਚ ਅੰਡੇ ਅਤੇ ਮਾਂਸ ਪੈਦਾ ਕਰਨ ਦੇ ਮਾਮਲੇ ਵਿੱਚ ਉੱਚਾ ਸਥਾਣ ਰਖਦਾ ਹੈ। ਬ੍ਰਾਇਲਰ ਮੁਰਗੀ ਪਾਲਣ ਵਿਗਿਆਨਕ ਢੰਗਾਂ ਰਾਹੀਂ ਹੇਠ ਪ੍ਰਕਾਰ ਕੀਤਾ ਜਾ ਸਕਦਾ ਹੈ।

## ਸ਼ੈਡ ਦੀ ਸਾਫ-ਸਫਾਈ

- ਸ਼ੈਡ ਵਿੱਚ ਰੱਖੇ ਸਾਰੇ ਭਾਂਡਿਆਂ ਨੂੰ ਬਾਹਰ ਕੱਢੋ ਅਤੇ ਚੰਗੀ ਤਰਾਂ ਸਾਫ ਕਰੋ। ਸਾਫ ਭਾਂਡੇ ਨੂੰ ਕਿਰਮਨਾਸ਼ਕ ਦੇ ਘੋਲ ਵਿੱਚ 2 ਘੰਟੇ ਲਈ ਛੱਡ ਦਿਉ ਅਤੇ ਮਗਰੋਂ ਧੁੱਪ ਵਿੱਚ ਸੁਕਾ ਲਵੋ।
- ਸ਼ੈਡ ਵਿਚੋਂ ਖਾਦਾਂ ਨੂੰ ਵੀ ਬਾਹਰ ਕੱਢ ਲਵੋ ਅਤੇ ਫਰਸ਼ ਨੂੰ ਚੰਗੀ ਤਰ੍ਹਾਂ ਲੋਹ ਦੇ ਬੁਰਸ਼ ਨਾਲ ਸਾਫ ਕਰੋ। ਇਸ ਤੋਂ ਬਾਅਦ 10% ਫਾਰਮਾਲੀਨ ਦਾ ਛਿੜਕਾਅ/ ਸਪਰੇਅ ਕਰੋ।
- ਜੇਕਰ ਫਰਸ਼ ਕੱਚਾ ਹੋਵੇ ਤਾਂ ਲੱਗਭਗ 1.5 ਇੰਚ ਮਿੱਟੀ ਦੀ ਪਰਤ ਖੁਰਚ ਲਵੋ ਅਤੇ ਉਤੇ ਤਾਜੀ ਮਿੱਟੀ ਪਾਵੋ।
- ਪੁਰਾਣੇ ਪਰਦਿਆਂ ਨੂੰ ਵੀ ਕਿਰਮਨਾਸ਼ਕ ਦੇ ਘੋਲ ਵਿੱਚ ਸਾਰੀ ਰਾਤ ਡੁਬੋ ਲਵੋ ਅਤੇ ਦੂਜੇ ਦਿਨ ਧੁੱਪ ਚ' ਸੁਕਾ ਲਵੋ।
- ਸ਼ੈਡ ਦੀ ਕੰਧਾਂ ਨੂੰ ਚੰਗੀ ਤਰ੍ਹਾਂ ਪਾਣੀ ਅਤੇ ਡੀਟਰਜੈਂਟ (ਸਰਫ) ਨਾਲ ਸਾਫ ਕਰੋ।
- ਸਫਾਈ ਦੇ ਮਗਰੋਂ ਫਰਸ਼, ਕੰਧਾਂ ਅਤੇ ਛੱਤ ਨੂੰ ਫਲੇਮਗਨ ਨਾਲ ਚੰਗੀ ਤਰਾਂ ਸਾੜ ਦਿਉ।
- ਜੇਕਰ ਸ਼ੈਡ ਵਿੱਚ ਕੀੜੇ ਜਿਆਦਾ ਹਨ ਤਾਂ ਇਸਤੋਂ ਬਚਾਅ ਲਈ ਮੈਲਾਥੀਆਨ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ (160 ਮੀ.ਲੀ. ਮੈਲਾਥੀਆਨ 50% +10 ਲੀਟਰ ਪਾਣੀ)।

## ਚੂਚੇ ਆਉਣ ਤੋਂ ਮਗਰੋਂ ਸਾਂਭ-ਸੰਭਾਲ

- ਚੂਚੇ ਆਣ ਤੋਂ ਮਗਰੋਂ 6-8 ਘੰਟੇ ਲਈ ਖੰਡ ਵਾਲੇ ਘੋਲ ਦਾ ਪਾਣੀ ਪਿਲਾਉ ਜਿਸਦੀ ਮਾਤਰਾ 1 ਕਿਲੋ ਪ੍ਰਤੀ 1000 ਚੂਚੇ ਪਿਛੇ ਹੁੰਦੀ ਹੈ।
- 6-8 ਘੰਟੇ ਮਗਰੋਂ ਚੂਚੇ ਨੂੰ ਬ੍ਰੂਸਟਰ ਫੀਡ ਦੀ ਸ਼ੁਰੂਆਤ ਕਰੋ ਅਤੇ ਪਹਲਾਂ 10 ਦਿਨ ਤੱਕ ਬ੍ਰੂਸਟਰ ਫੀਡ ਦਵੋ।
- 10 ਦਿਨ ਤੋਂ 25 ਦਿਨ ਤੱਕ ਸਟਾਟਰ ਫੀਡ ਦੇਵੋ।
- 25 ਦਿਨ ਤੋਂ ਮੰਡੀਕਰਣ ਤੱਕ ਫਿਨੀਸ਼ਰ ਫੀਡ ਦੇਵੋ।
- ਦਿਨ ਚ ਮੁਰਗੇ ਨੂੰ 6 ਤੋਂ 8 ਵਾਰੀ ਫੀਡ ਪਾਉ।

## ਮੁਰਗੀਆਂ ਲਈ ਜਗ੍ਹਾ ਦਾ ਪ੍ਰਬੰਧ

| ਉਮਰ (ਦਿਨ) | ਜਗ੍ਹਾ (ਵਰਗ ਫੁੱਟ) | ਚੂਚੇ ਦੀ ਸੰਖਿਆ |
|---|---|---|
| 0 ਤੋਂ 7 | 1 | 4 |
| 8 ਤੋਂ 14 | 1 | 3 |
| 15 ਤੋਂ 21 | 1 | 2 |
| 22 ਤੋਂ 28 | 1 | 1 |
| 29 ਤੋਂ 35 | 1.25 | 1 |
| 36 ਤੋਂ 42 | 1.50 | 1 |

## ਸ਼ੈਡ ਵਿੱਚ ਤਾਪਮਾਨ ਦਾ ਪ੍ਰਬੰਧ

| ਉਮਰ (ਦਿਨ) | ਤਾਪਮਾਨ (°F) | ਤਾਪਮਾਨ (°C) |
|---|---|---|
| 0 ਤੋਂ 7 | 94-95 | 34.4 - 35.0 |
| 8 ਤੋਂ 14 | 90-91 | 32.2 - 32.8 |
| 15 ਤੋਂ 21 | 85-86 | 29.4 - 30.0 |
| 22 ਤੋਂ 28 | 80-81 | 26.6 - 27.2 |
| 29 ਤੋਂ 35 | 75-76 | 23.9 - 24.5 |
| 36 ਤੋਂ 42 | 70-71 | 21.1 - 21.7 |

## ਚੂਚੇ/ਮੁਰਗੀਆਂ ਲਈ ਫੀਡ ਅਤੇ ਪਾਣੀ ਦੇ ਭਾਂਡਿਆਂ ਦਾ ਪ੍ਰਬੰਧ

| ਉਮਰ (ਦਿਨ) | ਫੀਡ ਦੇ ਭਾਂਡੇ ਪ੍ਰਤੀ 100 ਚੂਚੇ/ਮੁਰਗੀਆਂ ਲਈ | ਪਾਣੀ ਦੇ ਭਾਂਡੇ ਪ੍ਰਤੀ 100 ਚੂਚੇ/ਮੁਰਗੀਆਂ ਲਈ |
|---|---|---|
| 0 ਤੋਂ 7 | 2 | 1 |
| 8 ਤੋਂ 14 | 2 | 2 |
| 15 ਤੋਂ 21 | 3 | 2 |
| 22 ਤੋਂ ਵੇਚਣ ਤੱਕ | 4 | 2 |

## ਚੂਚੇ/ਮੁਰਗੀਆਂ ਲਈ ਪਾਣੀ ਦਾ ਪ੍ਰਬੰਧ

| ਉਮਰ (ਦਿਨ) | ਪਾਣੀ (ਲੀਟਰ) ਦੀ ਖੱਪਤ ਪ੍ਰਤੀ 100 ਚੂਚੇ/ਮੁਰਗੀਆਂ | | |
|---|---|---|---|
| | ਸ਼ੈਡ ਅਤੇ ਵਾਤਾਵਰਣ ਦਾ ਤਾਪਮਾਨ (°F) | | |
| | 70-80° F (21.1 - 26.6°C) | 90°F (32.2°C) | 100°F (37.8°C) ਤੋਂ ਜਿਆਦਾ |
| 0 ਤੋਂ 7 | 2.5-3 | 3-4 | 7-8 |
| 8 ਤੋਂ 14 | 8-10 | 12-15 | 20-25 |
| 15 ਤੋਂ 21 | 11-15 | 24-20 | 30-35 |
| 22 ਤੋਂ 28 | 15-20 | 30-35 | 40-45 |
| 29 ਤੋਂ 35 | 20-25 | 40-45 | 55-60 |
| 36 ਤੋਂ 42 | 25-30 | 45-50 | 65-70 |

## ਬ੍ਰਾਇਲਰ ਲਈ ਫੀਡ ਦਾ ਪ੍ਰਬੰਧ ਅਤੇ ਸ਼ਰੀਰਕ ਵਾਧਾ ਦਰ

| ਉਮਰ (ਦਿਨ) | (ੳ) ਫੀਡ ਦੀ ਖੱਪਤ (ਗ੍ਰਾਮ) | (ਅ) ਸ਼ਰੀਰ ਦਾ ਭਾਰ (ਗ੍ਰਾਮ) | ਐਫ. ਸੀ. ਆਰ (ੳ/ਅ) |
|---|---|---|---|
| 0 | --- | 40 | --- |
| 7 | 89 | 105 | 0.85 |
| 14 | 336 | 273 | 1.23 |
| 21 | 824 | 589 | 1.40 |
| 28 | 1561 | 1007 | 1.55 |
| 35 | 2464 | 1463 | 1.68 |
| 42 | 3483 | 1924 | 1.81 |

## ਬ੍ਰਾਇਲਰ ਲਈ ਟੀਕਾਕਰਣ

| ਉਮਰ (ਦਿਨ) | ਟੀਕਾ | ਟੀਕਾਕਰਣ ਦੀ ਵਿਧੀ |
|---|---|---|
| 3 | ਆਈ.ਬੀ.ਐਚ. (ਲੀਚੀ) | ਗਰਦਣ ਵਿੱਚ |
| 5 | ਲਸੋਟਾ | ਅੱਖਾਂ / ਪਾਣੀ ਵਿੱਚ |
| 12 | ਆਈ.ਬੀ.ਡੀ. (ਗਮਬੋਰੋ) | ਅੱਖਾਂ / ਪਾਣੀ ਵਿੱਚ |
| 25-28 ਦਿਨ ਦੇ ਵਿੱਚ | ਲਸੋਟਾ | ਪਾਣੀ ਵਿੱਚ |

ਪਾਣੀ ਵਿੱਚ ਟੀਕਾਕਰਣ ਦੀ ਵਿਧੀ :-

- ਟੀਕਾਕਰਣ ਹਮੇਸ਼ਾ ਸਵੇਰ ਸਮੇਂ ਕਰੋ (4:00-6:00 ਵਜੇ ਤੱਕ)।
- ਪਾਣੀ ਦੇ ਭਾਂਡੇ ਸਾਫ ਹੋਣ।
- ਟੀਕੇ ਦੇਣ ਤੋਂ 1-1.5 ਘੰਟੇ ਪਿਹਲੇ ਪਾਣੀ ਦੇ ਭਾਂਡੇ ਹਟਾ ਲਵੋ।
- ਟੀਕੇ ਲਈ ਪਾਣੀ ਓਨਾਂ ਹੀ ਵਰਤੋਂ ਜਿਨਾਂ ਕਿ 1-2 ਘੰਟੇ ਵਿੱਚ ਪਾਣੀ ਖਤਮ ਹੋ ਜਾਵੇ।
- ਗਰਮੀ ਦੇ ਮੌਸਮ ਵਿੱਚ ਟੀਕਾਕਰਣ ਸਮੇਂ ਪਾਣੀ ਬਰਫ ਨਾਲ ਠੰਡਾ ਕਰ ਲਵੋ